| Punjabi Translation |
| --- |
| ਮੈਂ ਡਾ ਸੁਜ਼ਾਨਾ, ਬਲਾਕ ਸਲਾਹਕਾਰ ਸੁਆਸ ਚਿਕਿਤਸਕ ਹਾਂ। ਅਸੀਂ ਫੇਫੜਿਆਂ ਦੇ ਨੋਡਲਜ਼ (ਗੰਢ) ਵਾਲੇ ਬਹੁਤ ਸਾਰੇ ਮਰੀਜ਼ਾਂ ਦੀ ਦੇਖਭਾਲ ਕਰਦੇ ਹਾਂ। ਸਾਨੂੰ ਉਨ੍ਹਾਂ ਤੋਂ ਪਤਾ ਲੱਗਾ ਹੈ ਕਿ ਜਦੋਂ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਤੁਹਾਡੇ ਫੇਫੜਿਆਂ ਵਿੱਚ ਗੰਢ ਹੈ ਤਾਂ ਇਹ ਉਲਝਣ ਵਾਲਾ ਹੋ ਸਕਦਾ ਹੈ ਅਤੇ ਤੁਹਾਡੇ ਸਵਾਲ ਹੋ ਸਕਦੇ ਹਨ। |
| |
| ਅਸੀਂ ਇਹ ਵੀਡਿਓ ਤੁਹਾਨੂੰ ਭਰੋਸਾ ਦਵਾਉਣ ਅਤੇ ਇਹ ਦੱਸਣ ਲਈ ਬਣਾਇਆ ਹੈ ਕਿ ਫੇਫੜਿਆਂ ਵਿੱਚ ਗੰਢ ਹੋਣ ਦਾ ਕੀ ਮਤਲਬ ਹੈ। ਇਹ ਬਹੁਤ ਆਮ ਹੈ ਕਿ ਜੇ ਤੁਹਾਨੂੰ ਤੁਹਾਡੇ ਫੇਫੜਿਆਂ ਜਾਂ ਤੁਹਾਡੀ ਸੁਆਸ-ਪ੍ਰਣਾਲੀ ਨਾਲ ਸਬੰਧਤ ਕੋਈ ਲੱਛਣ ਹੈ, ਤਾਂ ਡਾਕਟਰ ਤੁਹਾਡੇ ਫੇਫੜਿਆਂ ਦੀਆਂ ਤਸਵੀਰਾਂ ਲੈਣ ਲਈ ਛਾਤੀ ਦਾ ਐਕਸ-ਰੇ ਜਾਂ ਸੀਟੀ ਸਕੈਨ ਕਰਵਾਉਣ ਲਈ ਕਹਿ ਸਕਦਾ ਹੈ। ਕਈ ਵਾਰ ਹੋਰਨਾਂ ਕਾਰਨਾਂ ਕਰਕੇ ਸਕੈਨ ਕੀਤੀ ਜਾ ਸਕਦੀ ਹੈ, ਉਦਾਹਰਣ ਲਈ ਤੁਹਾਡੇ ਹਿਰਦੇ ਜਾਂ ਗੁਰਦਿਆਂ ਦਾ ਆਕਲਨ ਕਰਨ ਲਈ, ਅਤੇ ਇਨ੍ਹਾਂ ਮਾਮਲਿਆਂ ਵਿੱਚ ਡਾਕਟਰ ਫਿਰ ਵੀ ਫੇਫੜਿਆਂ ਦੇ ਹਿੱਸਿਆਂ ਜਾਂ ਪੂਰੇ ਫੇਫੜਿਆਂ ਦੀ ਸਮੀਖਿਆ ਕਰੇਗਾ ਜੇ ਉਨ੍ਹਾਂ ਨੂੰ ਤਸਵੀਰਾਂ ਵਿੱਚ ਦੇਖਿਆ ਜਾਂਦਾ ਹੈ। |
| |
| ਮੈਂ ਡਾ ਰਿਚਰਡ ਲੀ, ਸਲਾਹਕਾਰ ਸੁਆਸ ਚਿਕਿਤਸਕ ਹਾਂ। ਜਦੋਂ ਅਸੀਂ ਸਕੈਨਾਂ ਵਿੱਚ ਫੇਫੜਿਆਂ ਦੀਆਂ ਤਸਵੀਰਾਂ ਦੇਖੀਆਂ ਤਾਂ ਇੱਕ ਆਮ ਖੋਜ ਕੁਝ ਅਜਿਹੀ ਸੀ ਜਿਸਨੂੰ ਫੇਫੜਿਆਂ ਵਿੱਚ ਗੰਢ (ਲੰਗ ਨੋਡਊਲ) ਹੋਣਾ ਕਿਹਾ ਜਾਂਦਾ ਹੈ। ਕਈ ਵਾਰ ਇਸਨੂੰ ਪੁਲਮੋਨਰੀ ਨੋਡਲ ਵੀ ਕਿਹਾ ਜਾਂਦਾ ਹੈ ਅਤੇ ਦੋਹਾਂ ਵਾਕਾਂ ਦਾ ਇੱਕੋ ਅਰਥ ਹੈ। |
| |
| ਛਾਤੀ ਦੇ ਐਕਸ-ਰੇ ਜਾਂ ਸੀਟੀ ਸਕੈਨ ਵਿੱਚ ਗੰਢ ਦਾ ਪਾਇਆ ਜਾਣਾ ਬਹੁਤ ਆਮ ਹੈ। ਗੰਢ ਸ਼ਬਦ ਫੇਫੜੇ ਦੇ ਇੱਕ ਛੋਟੇ ਵਧੇਰੇ ਸੰਘਣੇ ਖੇਤਰ ਦਾ ਵਰਣਨ ਕਰਦਾ ਹੈ ਜੋ ਤਸਵੀਰ ਵਿੱਚ ਇੱਕ ਗੋਲ ਨਿਸ਼ਾਨ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ। |
| |
| ਇਹ ਮਾਪ ਅਕਸਰ 30 ਮਿਲੀਲੀਟਰ ਤੋਂ ਛੋਟਾ ਹੁੰਦਾ ਹੈ, ਇਸਦੇ ਕੋਈ ਲੱਛਣ ਨਹੀਂ ਹੁੰਦੇ ਅਤੇ ਇਹ ਫੇਫੜਿਆਂ ਦੇ ਕਾਰਜ ਨੂੰ ਪ੍ਰਭਾਵਿਤ ਨਹੀਂ ਕਰਦੇ ਜਾਂ ਸੁਆਸ-ਕਿਰਿਆ ਵਿੱਚ ਰੁਕਾਵਟ ਨਹੀਂ ਪਾਉਂਦੇ। ਤੁਹਾਡਾ ਡਾਕਟਰ ਜਾਂ ਮਾਹਰ ਨਰਸ ਕਈ ਵਾਰ ਤੁਹਾਨੂੰ ਇਹ ਸਮਝਾਉਣ ਲਈ ਤੁਹਾਡੀ ਸਕੈਨ ਦਿਖਾ ਸਕਦੇ ਹਨ ਕੀ ਅਸੀਂ ਕੀ ਦੇਖ ਰਹੇ ਹਾਂ। |
| |
| ਇਹ ਛਾਤੀ ਦੀ ਸੀਟੀ ਸਕੈਨ ਦੀ ਤਸਵੀਰ ਹੈ। ਕਾਲੇ ਰੰਗ ਦੇ ਹਿੱਸੇ ਫੇਫੜੇ ਹਨ ਅਤੇ ਫੇਫੜੇ ਦੀ ਗੰਢ, ਸਕ੍ਰੀਨ ਦੇ ਸੱਜੇ ਪਾਸੇ ਇੱਕ ਚਿੱਟੇ ਨਿਸ਼ਾਨ ਦੇ ਰੂਪ ਵਿੱਚ ਦਿਖਾਈ ਦਿੰਦੀ ਹੈ। 35 ਪ੍ਰਤੀਸ਼ਤ ਤਕ ਲੋਕ ਜਿਨ੍ਹਾਂ ਨੇ ਸੀਟੀ ਸਕੈਨ ਕਰਵਾਈ ਹੈ ਜਿਸ ਵਿੱਚ ਉਨ੍ਹਾਂ ਦੇ ਫੇਫੜੇ ਸ਼ਾਮਲ ਹਨ, ਵਿੱਚ ਗੰਢ ਪਾਈ ਜਾਏਗੀ। |
| |
| ਕਈ ਵਾਰ ਤੁਹਾਡੇ ਫੇਫੜਿਆਂ ਵਿੱਚ ਇੱਕ ਤੋਂ ਵਧ ਗੰਢਾਂ ਵੀ ਪਾਈਆਂ ਜਾ ਸਕਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਇੱਕ ਤੋਂ ਵੱਧ ਗੰਢ ਹੋਣਾ ਜ਼ਿਆਦਾ ਗੰਭੀਰ ਹੁੰਦਾ ਹੈ। ਇਹ ਗੰਢ ਬਹੁਤ ਸਾਰੇ ਵੱਖ ਵੱਖ ਕਾਰਨਾਂ ਤੋਂ ਹੋ ਸਕਦੀ ਹੈ, ਇਨ੍ਹਾਂ ਵਿੱਚ ਸ਼ਾਮਲ ਹਨ: ਕਿਸੇ ਛੋਟੇ ਹਿੱਸੇ ਵਿੱਚ ਸੰਕ੍ਰਮਣ; ਜਖਮ ਹੋਣਾ; ਜਾਂ ਫੇਫੜੇ ਦੇ ਅੰਦਰ ਵੀ ਸਧਾਰਨ ਗ੍ਰੰਥੀਆਂ ਦਾ ਹੋਣਾ। ਗੰਢਾਂ ਹੋਣਾ ਉਨ੍ਹਾਂ ਲੋਕਾਂ ਵਿੱਚ ਆਮ ਹੈ ਜਿਨ੍ਹਾਂ ਨੂੰ ਪਹਿਲਾਂ ਟੀਬੀ ਹੋਈ ਸੀ। |
| |
| ਘੱਟ ਮਾਮਲਿਆਂ ਵਿੱਚ ਇਹ ਫੇਫੜੇ ਵਿੱਚ ਸ਼ੁਰੂਆਤੀ ਕੈਂਸਰ ਦੇ ਪਹਿਲੇ ਸੰਕੇਤ ਹੋ ਸਕਦੇ ਹਨ, ਜੇ ਅਜਿਹਾ ਮਾਮਲਾ ਹੁੰਦਾ ਹੈ ਤਾਂ ਇਨ੍ਹਾਂ ਦਾ ਛੇਤੀ ਪਤਾ ਲੱਗਣਾ ਇਨ੍ਹਾਂ ਨੂੰ ਵਧੇਰੇ ਇਲਾਜ-ਯੋਗ ਬਣਾਉਂਦਾ ਹੈ। |
| |
| ਮੈਂ ਡਾ ਸਾਰਾ ਸ਼ੀਰਡ ਹਾਂ, ਸਲਾਹਕਾਰ ਰੇਡੀਓਲੋਜਿਸਟ। ਫੇਫੜੇ ਦੀਆਂ ਗੰਢਾਂ ਵਿੱਚ ਇੱਕ ਮਾਹਰ ਹੋਣ ਵਜੋਂ ਮੈਂ ਗੰਢ ਦੇ ਆਕਾਰ ਦੇਖਦੀ ਹਾਂ ਅਤੇ ਇਸਦੀ ਦਿਖਾਵਟ ਦੇ ਵਿਸਤਾਰ ਅਤੇ ਵਿਸ਼ੇਸ਼ਤਾਵਾਂ ਇਹ ਨਿਰਣਾ ਕਰਨ ਵਿੱਚ ਮਦਦ ਕਰਦੇ ਹਨ ਕਿ ਕਿਹੜੀਆਂ ਗੰਢਾਂ ਨੂੰ ਅੱਗੇ ਦਾ ਕਾਰਵਾਈ ਕਰਨ ਜਾਂ ਆਕਲਨ ਦੀ ਲੋੜ ਹੈ ਅਤੇ ਕਿਹੜੀਆਂ ਨੂੰ ਨਹੀਂ। |
| |
| ਅਸੀਂ ਬਹੁਤ ਸਾਰੇ ਹੋਰਨਾਂ ਕਾਰਕਾਂ ਨੂੰ ਵੀ ਧਿਆਨ ਵਿੱਚ ਰੱਖਦੇ ਹਾਂ ਜਿਵੇਂ ਤੁਹਾਡੀ ਉਮਰ ਅਤੇ ਦੂਜਾ ਚਿਕਿਤਸਾ ਇਤਿਹਾਸ। ਹਜ਼ਾਰਾਂ ਲੋਕਾਂ ਦੀਆਂ ਸਕੈਨਾਂ ਅਤੇ ਉਨ੍ਹਾਂ ਦੇ ਨਤੀਜਿਆਂ ਦੇ ਹੋਏ ਅਧਿਐਨਾਂ ਤੋਂ ਅਸੀਂ ਜਾਣਦੇ ਹਾਂ ਕਿ ਕਿਹੜੀਆਂ ਗੰਢਾਂ ਕਿਸੇ ਚਿੰਤਾ ਵਿੱਚ ਬਦਲ |

ਸਕਦੀਆਂ ਹਨ। ਇਨ੍ਹਾਂ ਨੇ ਇਹ ਦਰਸਾਉਣ ਵਿੱਚ ਮਦਦ ਕੀਤੀ ਹੈ ਕੀ ਅਸੀਂ ਹਰ ਤਸਵੀਰ ਵਿੱਚ ਕੀ ਦੇਖਦੇ ਹਾਂ ਅਤੇ ਇਹ ਦਸਦੀਆਂ ਹਨ ਕਿ ਹਰ ਕਿਸਮ ਦੀ ਗੰਢ ਦੇ ਨਾਲ ਅੱਗੇ ਕੀ ਕਾਰਵਾਈ ਕਰਨੀ ਹੈ।

ਪਹਿਲੀ ਸਕੈਨ ਵਿੱਚ ਸਟੀਕ ਤੌਰ ਤੇ ਇਹ ਦੱਸਣਾ ਹਮੇਸ਼ਾ ਸੰਭਵ ਨਹੀਂ ਹੁੰਦਾ ਕਿ ਕੋਈ ਗੰਢ ਕੀ ਦਰਸਾਉਂਦੀ ਹੈ ਅਤੇ ਇਨ੍ਹਾਂ ਮਾਮਲਿਆਂ ਵਿੱਚ ਅਸੀਂ ਤੁਹਾਨੂੰ ਇੱਕ ਜਾਂ ਵਧ ਸਕੈਨਾਂ ਕਰਵਾਉਣ ਲਈ ਆਖ ਸਕਦੇ ਹਾਂ ਤਾਂ ਜੋ ਇਹ ਪਤਾ ਲਗਾਇਆ ਜਾਏ ਕਿ ਕੀ ਕੋਈ ਗੰਢ ਸਮੇਂ ਦੇ ਨਾਲ ਬਦਲਦੀ ਹੈ ਜਾਂ ਉਸੇ ਤਰ੍ਹਾਂ ਰਹਿੰਦੀ ਹੈ। ਵੱਖ-ਵੱਖ ਸਮੇਂ ਅਵਧੀਆਂ ਵਿੱਚ ਵਾਰ-ਵਾਰ ਸਕੈਨਾਂ ਦੀ ਜਾਂਚ ਕਰਨ ਦੀ ਪ੍ਰਕਿਰਿਆ ਨੂੰ ਕਈ ਵਾਰ ਗੰਢਾਂ ਦੀ ਨਿਗਰਾਨੀ ਕਰਨਾ (ਨੋਡਲ ਸਰਵਿਲਾਂਸ) ਜਾਂ ਸਕ੍ਰਿਆ ਨਿਗਰਾਨੀ (ਐਕਟਿਵ ਮਾਨਿਟਰਿੰਗ) ਕਰਨਾ ਕਿਹਾ ਜਾਂਦਾ ਹੈ।

ਫੇਫੜੇ ਦੀਆਂ ਜ਼ਿਆਦਾਤਰ ਗੰਢਾਂ ਉਸੇ ਆਕਾਰ ਦੀਆਂ ਰਹਿੰਦੀਆਂ ਹਨ, ਥੋੜ੍ਹੀਆਂ ਛੋਟੀਆਂ ਹੋ ਜਾਂਦੀਆਂ ਜਾਂ ਇੱਥੋਂ ਤਕ ਕਿ ਗਾਇਬ ਵੀ ਹੋ ਜਾਂਦੀਆਂ ਹਨ। ਜੇ ਲਗਾਤਾਰ ਕਈ ਸਕੈਨਾਂ ਵਿੱਚ ਗੰਢ ਦੇ ਆਕਾਰ ਵਿੱਚ ਵਾਧਾ ਨਹੀਂ ਹੋਇਆ ਹੈ, ਤਾਂ ਕਿਸੇ ਹੋਰ ਅੱਗੇ ਦੀ ਕਾਰਵਾਈ ਦੀ ਲੋੜ ਨਹੀਂ ਹੁੰਦੀ। ਫੇਫੜੇ ਦੀਆਂ ਜ਼ਿਆਦਾਤਰ ਗੰਢਾਂ ਬਦਲਦੀਆਂ ਨਹੀਂ ਹਨ ਪਰ ਬਹੁਤ ਘੱਟ ਲੋਕਾਂ ਦੇ ਮਾਮਲੇ ਵਿੱਚ ਅਸੀਂ ਤੁਹਾਨੂੰ ਹੋਰ ਟੈਸਟ ਕਰਵਾਉਣ ਲਈ ਆਖ ਸਕਦੇ ਹਾਂ।

ਥੋੜ੍ਹੀ ਸੰਖਿਆ ਵਿੱਚ ਗੰਢਾਂ ਫੇਫੜੇ ਦੇ ਸ਼ੁਰੂਆਤੀ ਕੈਂਸਰ ਵਿੱਚ ਵਿਕਸਿਤ ਹੋ ਸਕਦੀਆਂ ਹਨ ਅਤੇ ਇਹੀ ਕਾਰਨ ਹੈ ਕਿ ਇਨ੍ਹਾਂ ਗੰਢਾਂ ਲਈ ਅੱਗੇ ਦੀ ਕਾਰਵਾਈ ਕਰਨਾ ਮਹੱਤਵਪੂਰਨ ਹੁੰਦਾ ਹੈ। ਜੇ ਗੰਢ, ਕੈਂਸਰ ਦਾ ਕਾਰਨ ਬਣਦੀ ਹੈ ਤਾਂ ਇਸਦਾ ਛੇਤੀ ਨਿਦਾਨ ਕਰਨਾ ਮਦਦਗਾਰ ਹੁੰਦਾ ਹੈ ਤਾਂ ਜੋ ਅਸੀਂ ਵਧੇਰੇ ਇਲਾਜ ਵਿਕਲਪ ਪ੍ਰਦਾਨ ਕਰ ਸਕੀਏ ਅਤੇ ਅਸੀਂ ਬੇਹਤਰ ਨਤੀਜੇ ਪ੍ਰਾਪਤ ਕਰ ਸਕੀਏ।

ਫਿਰ ਵੀ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਗੰਢ ਦਾ ਫੇਫੜੇ ਦੇ ਸ਼ੁਰੂਆਤੀ ਕੈਂਸਰ ਵਿੱਚ ਤਬਦੀਲ ਹੋਣ ਦਾ ਆਮ ਜੋਖਮ ਘੱਟ ਹੁੰਦਾ ਹੈ। ਤੁਹਾਡਾ ਡਾਕਟਰ ਜਾਂ ਮਾਹਰ ਨਰਸ ਤੁਹਾਡੇ ਨਾਲ ਤੁਹਾਡੇ ਵਿਅਕਤੀਗਤ ਜੋਖਮ ਬਾਰੇ ਗੱਲ ਕਰਣਗੇ ਅਤੇ ਤੁਸੀਂ ਕਿਸੇ ਵੀ ਸਮੇਂ ਕੋਈ ਵੀ ਸਵਾਲ ਪੁੱਛ ਸਕਦੇ ਹੋ ।

ਜੇ ਤੁਹਾਡੀ ਅਜਿਹੀ ਸਕੈਨ ਹੋਈ ਹੈ ਜੋ ਫੇਫੜੇ ਦੀ ਗੰਢ ਨੂੰ ਦਰਸਾਉਂਦੀ ਹੈ ਤਾਂ ਕੁਝ ਕਿਸਮਾਂ ਦੇ ਕਲੀਨੀਸ਼ਿਅਨ ਹਨ ਜੋ ਤੁਹਾਡੀ ਦੇਖਭਾਲ ਵਿੱਚ ਸ਼ਾਮਲ ਹੋਣਗੇ: ਸਲਾਹਕਾਰ ਸੁਆਸ-ਸਬੰਧੀ ਚਿਕਿਤਸਕ; ਸਲਾਹਕਾਰ ਰੇਡੀਓਲੋਜਿਸਟ; ਫੇਫੜੇ ਦੀਆਂ ਗੰਢਾਂ ਸਬੰਧੀ ਕਲੀਨਿਕਲ ਮਾਹਰ ਨਰਸ, ਮਾਹਰ ਟ੍ਰੇਨੀ ਡਾਕਟਰ; ਮੈਂ ਟੀਮ ਦਾ ਕੋਆਰਡੀਨੇਟਰ ਹਾਂ ਅਤੇ ਮੈਂ ਤੁਹਾਡੀ ਦੇਖਭਾਲ ਦਾ ਪ੍ਰਬੰਧ ਕਰਨ ਵਿੱਚ ਮਦਦ ਕਰਦੀ ਹਾਂ।

ਇਹ ਬਹੁ-ਅਨੁਸ਼ਾਸਨਾਤਮਕ ਟੀਮ ਜਾਂ ਐਮਡੀਟੀ ਹੈ ਜੋ ਤੁਹਾਡੀ ਦੇਖਭਾਲ ਕਰਨ ਲਈ ਇਕੱਠੇ ਮਿਲਕੇ ਕੰਮ ਕਰਦੀ ਹੈ। ਜਿਨ੍ਹਾਂ ਮਰੀਜ਼ਾਂ ਦੇ ਫੇਫੜੇ ਦੀਆਂ ਗੰਢਾਂ ਦੀ ਸਮੀਖਿਆ ਕੀਤੀ ਗਈ ਹੈ ਉਨ੍ਹਾਂ ਦੀਆਂ ਉਨ੍ਹਾਂ ਦੇ ਡਾਕਟਰ ਜਾਂ ਮਾਹਰ ਨਰਸ ਦੇ ਨਾਲ ਅਪੋਇੰਟਮੈਂਟਾਂ ਹੋਣਗੀਆਂ ਤਾਂ ਜੋ ਨਤੀਜਿਆਂ ਅਤੇ ਅਗਲੀਆਂ ਯੋਜਨਾਵਾਂ ਬਾਰੇ ਗੱਲ ਕੀਤੀ ਜਾ ਸਕੇ।

ਇਹ ਆਮ੍ਹਣੇ-ਸਾਮ੍ਹਣੇ, ਟੈਲੀਫ਼ੋਨ ਤੇ, ਜਾਂ ਵੀਡਿਓ ਕਲੀਨਿਕਾਂ ਜਾਂ ਪੱਤਰਾਂ ਦੇ ਜਰੀਏ ਹੋ ਸਕਦੀਆਂ ਹਨ। ਜੇ ਤੁਹਾਨੂੰ ਖਾਸ ਕਰਕੇ ਅਪੋਇੰਟਮੈਂਟਾਂ ਦੇ ਦਰਮਿਆਨ ਕੋਈ ਚਿੰਤਾਵਾਂ ਜਾਂ ਬੇਚੈਨੀਆਂ ਹੁੰਦੀਆਂ ਹਨ, ਤਾਂ ਇਸ ਬਾਰੇ ਉਨ੍ਹਾਂ ਦੇ ਨਾਲ ਗੱਲ ਕਰਨਾ ਮਹੱਤਵਪੂਰਨ ਹੈ।

ਫੇਫੜੇ ਦੀਆਂ ਗੰਢਾਂ ਦਾ ਪਾਇਆ ਜਾਣਾ ਬਹੁਤ ਆਮ ਹੈ, ਅਤੇ ਤੁਹਾਡੀ ਟੀਮ ਤੁਹਾਡੇ ਸਮਰਥਨ ਅਤੇ ਤੁਹਾਡੇ ਨਾਲ ਕੰਮ ਕਰਨ ਲਈ ਅਤੇ ਤੁਹਾਡੇ ਕਿਸੇ ਵੀ ਸਵਾਲਾਂ ਦੇ ਜਵਾਬ ਦੇਣ ਲਈ ਉੱਥੇ ਹੁੰਦੀ ਹੈ। ਜੇ ਤੁਸੀਂ ਕੁਝ ਹੋਰ ਜਾਣਕਾਰੀ ਲੈਣਾ ਚਾਹੁੰਦੇ ਹੋ, ਤਾਂ ਕੁਝ ਹੋਰ ਲਾਭਕਾਰੀ ਸਰੋਤਾਂ ਦੇ ਲਿੰਕ ਇਸ ਵੀਡਿਓ ਦੇ ਹੇਠਾਂ ਦਿੱਤੇ ਗਏ ਹਨ, ਜਾਂ ਤੁਹਾਡੇ ਹਸਪਤਾਲ ਤੋਂ ਉਪਲਬਧ ਹਨ।